
# ਦੁੱਧ ਦੀ ਕਹਾਣੀ
# ਗਾਂ ਦੀ ਜ਼ਬਾਨੀ



ਉਤਪਾਦਕ ਦੇ ਪੱਧਰ ਉੱਤੇ
ਸ਼ੁੱਧ-ਸਾਫ਼ ਦੁੱਧ ਦੀ ਪੈਦਾਵਾਰ

ਗੁਣਵੱਤਾ ਅਤੇ ਪਲਾਂਟ ਪ੍ਰਬੰਧ


ਰਾਸ਼ਟਰੀ ਡੇਅਰੀ ਵਿਕਾਸ ਬੋਰਡ
ਆਨੰਦ

# ਮੁਖਬੰਧ

ਘਰ ਵਿਚ ਦੁੱਧ ਦੇਣ ਵਾਲੀ ਗਾਂ ਜਾਂ ਮੱਝ ਪਾਲ ਕੇ ਅਤੇ ਸਹਿਕਾਰੀ ਸਭਾ ਵਿਚ ਦੁੱਧ ਪਾ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਨਹੀਂ ਹੋ ਸਕਦੇ। ਹੁਣ ਸਾਡਾ ਦੇਸ਼ ਦੁੱਧ ਦੀ ਪੈਦਾਵਾਰ ਵਿਚ ਦੁਨੀਆਂ ਵਿਚ ਪਹਿਲੇ ਨੰਬਰ ਉਤੇ ਪੁੱਜ ਗਿਆ ਹੈ। ਪਰ ਬਦਲਦੀਆਂ ਹੋਈਆਂ ਹਾਲਤਾਂ ਵਿਚ ਇਹ ਜ਼ਰੂਰੀ ਹੋ ਗਿਆ ਹੈ ਕਿ ਦੁੱਧ ਸ਼ੁਧ-ਸਾਫ਼ ਹੋਵੇ, ਛੇਤੀ ਖ਼ਰਾਬ ਨਾ ਹੋਵੇ ਅਤੇ ਬਿਮਾਰੀ ਨਾ ਫੈਲਾਵੇ। ਇਸੇ ਸ਼ੁਧ-ਸਾਫ਼ ਦੁੱਧ ਤੋਂ ਵਧੀਆ ਚੀਜ਼ਾਂ ਬਣਨ ਤਾਂ ਸਾਨੂੰ ਅਤੇ ਸਾਡੀ ਡੇਅਰੀ, ਦੋਵਾਂ ਨੂੰ ਫ਼ਇਦਾ ਹੋਵੇਗਾ। ਇਹਦੇ ਲਈ ਅਸੀਂ ਬਹੁਤ ਕੁੱਝ ਕਰ ਸਕਦੇ ਹਾਂ, ਜਿਵੇਂ ਕਿ,

(1) ਪਸ਼ੂ ਨੂੰ ਸਾਫ਼-ਸੁਥਰਾ ਅਤੇ ਤੰਦਰੁਸਤ ਰੱਖਣਾ।

(2) ਪਸ਼ੂ ਬੰਨ੍ਹਣ ਵਾਲੀ ਥਾਂ ਸਾਫ਼-ਸੁਥਰੀ ਰੱਖਣੀ।

(3) ਉਸਨੂੰ ਸਾਫ਼ ਪਾਣੀ ਦੇਣਾ।

(4) ਦੁੱਧ ਚੋਣ ਅਤੇ ਰੱਖਣ ਵਾਸਤੇ ਸਟੀਲ ਦੇ ਸਾਫ਼ ਭਾਂਡਿਆਂ ਦੀ ਵਰਤੋਂ ਕਰਨਾ।

(5) ਦੁੱਧ ਚੋਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਨਾਲ ਧੋਣਾ।

(6) ਥਣਾਂ ਨੂੰ ਸਾਫ਼ ਪਾਣੀ ਨਾਲ ਧੋ ਕੇ ਸਾਫ਼ ਧੋਤੇ ਹੋਏ ਕਪੜੇ ਨਾਲ ਸੁਕਾਉਣਾ।

(7) ਦੁੱਧ ਚੋਣ ਤੋਂ ਪਹਿਲਾਂ ਹਰ ਥਣ ਵਿਚੋਂ ਇਕ ਦੋ ਧਾਰਾਂ ਦੁੱਧ ਕੱਢ ਕੇ ਸੁੱਟ ਦੇਣਾ।

(8) ਦੁੱਧ ਚੋਣ ਵਾਲਾ ਸਾਫ਼-ਸੁਥਰਾ ਅਤੇ ਤੰਦਰੁਸਤ ਹੋਵੇ ਅਤੇ ਧਾਰ ਕੱਢਣ ਵੇਲੇ ਬੀੜੀ, ਤਮਾਖੂ, ਪਾਨ ਆਦਿ ਦੀ ਵਰਤੋਂ ਨਾ ਕਰੇ।

(9) ਦੁੱਧ ਦਿੰਦੇ ਪਸ਼ੂ ਨੂੰ ਹਰਾ ਚਾਰਾ ਖਵਾਉਣਾ।

(10) ਧਾਰ ਕੱਢਣ ਮਗਰੋਂ ਥਣਾਂ ਨੂੰ ਸਾਫ਼ ਪਾਣੀ ਨਾਲ ਧੋਣਾ ਅਤੇ ਫਿਰ ਰੋਗਾਣੂਨਾਸ਼ਕ ਘੋਲ ਵਿਚ ਡੁਬੋਣਾ, ਜਿਸ ਨਾਲ ਉਹ ਥਣਾਂ ਦੀ ਬਿਮਾਰੀ ਤੋਂ ਬਚ ਜਾਣ।

(11) ਸਹਿਕਾਰੀ ਸਭਾ ਤਕ ਦੁੱਧ ਢਕ ਕੇ ਛੇਤੀ ਪਹੁੰਚਾਉਣਾ।


(12) ਸਹਿਕਾਰੀ ਸਭਾ ਵਿਚ ਦੁੱਧ ਨੂੰ, ਜੇ ਹੋ ਸਕੇ ਤਾਂ, ਠੰਢਾ ਰੱਖਣਾ, ਜਿਸ ਕਰਕੇ ਉਹ ਖ਼ਰਾਬ ਨਾ ਹੋਵੇ।

ਜੇ ਇਨ੍ਹਾਂ ਸਾਰੀਆਂ ਗੱਲਾਂ ਉੱਤੇ ਅਮਲ ਕਰੀਏ ਤਾਂ ਅਸੀਂ ਸਹਿਕਾਰੀ ਸਭਾ ਵਿਚ ਜਿਹੜਾ ਦੁੱਧ ਪਾਉਂਦੇ ਹਾਂ, ਉਸ ਨਾਲ ਸਾਨੂੰ ਸਭ ਨੂੰ ਬਹੁਤ ਫ਼ਾਇਦਾ ਹੋ ਸਕਦਾ ਹੈ। ਆਓ ਅਸੀਂ ਸ਼ੁੱਧ-ਸਾਫ਼ ਦੁੱਧ ਦੀ ਪੈਦਾਵਾਰ ਦੇ ਕੰਮ ਵਿਚ ਜੁਟ ਜਾਈਏ।


ਮਹਾਂਪ੍ਰਬੰਧਕ
(ਗੁਣਵੱਤਾ ਅਤੇ ਪਲਾਂਟ ਪ੍ਰਬੰਧ)
ਰਾਸ਼ਟਰੀ ਡੇਅਰੀ ਵਿਕਾਸ ਬੋਰਡ,
ਆਨੰਦ-388 001

# ਦੁੱਧ ਦੀ ਕਹਾਣੀ, ਗਾਂ ਦੀ ਜ਼ਬਾਨੀ

ਰਾਜਨਗਰ ਪਿੰਡ ਵਿਚ ਬਨਵਾਰੀ ਨਾਂ ਦਾ ਇਕ ਪਸ਼ੂਪਾਲਕ ਰਹਿੰਦਾ ਸੀ । ਦੋ ਛੋਟੇ-ਛੋਟੇ ਬੱਚੇ ਅਤੇ ਸੋਹਣੀ ਜਿਹੀ ਘਰ ਵਾਲੀ ਰਾਧਾ ਹੀ ਉਸਦੀ ਸਾਰੀ ਦੁਨੀਆਂ ਸੀ। ਬਨਵਾਰੀ ਦਾ ਟੱਬਰ ਖੁਸ਼ੀ ਖੁਸ਼ੀ ਜੀਵਨ ਬਤੀਤ ਕਰ ਰਿਹਾ ਸੀ, ਕਿਉਂਕਿ ਉਸਦੀ ਗਾਂ ਗੰਗਾ ਅਤੇ ਮੱਝ ਜਮੁਨਾ ਬਹੁਤ ਸਾਰਾ ਦੁੱਧ ਦਿੰਦੀਆਂ ਸਨ। ਬਨਵਾਰੀ ਗੰਗਾ ਅਤੇ ਜਮੁਨਾ ਦਾ ਦੁੱਧ ਆਪਣੇ ਪਿੰਡ ਦੀ ਸਹਿਕਾਰੀ ਦੁੱਧ ਸਭਾ ਵਿਚ ਪਾ ਦਿੰਦਾ ਸੀ, ਜਿਸ ਦਾ ਉਹ ਕਈ ਵਰ੍ਹਿਆਂ ਤੋਂ ਮੈਂਬਰ ਸੀ। ਸਭਾ ਨੂੰ ਦੁੱਧ ਵੇਚਣ ਨਾਲ ਬਨਵਾਰੀ ਨੂੰ ਕਾਫੀ ਆਮਦਨ ਹੋ ਜਾਂਦੀ ਸੀ ਅਤੇ ਉਸ ਦੇ ਘਰ ਵਿਚ ਕਿਸੇ ਚੀਜ਼ ਦਾ ਘਾਟਾ ਨਹੀਂ ਸੀ । ਉਹ ਚੰਗਾ ਖਾਂਦੇ-ਪੀਂਦੇ ਸਨ, ਬੱਚੇ ਪਿੰਡ ਦੇ ਸਕੂਲ ਵਿਚ ਪੜ੍ਹਦੇ ਸਨ, ਸਾਰਾ ਟੱਬਰ ਰਲ ਮਿਲਕੇ ਹਰ ਤੀਜ ਤਿਉਹਾਰ ਧੂਮਧਾਮ ਨਾਲ ਮਨਾਉਂਦਾ ਸੀ ।



*ਬਨਵਾਰੀ ਦਾ ਖੁਸ਼ਹਾਲ ਟੱਬਰ*

ਬਨਵਾਰੀ ਆਪਣੇ ਆਪ ਨੂੰ ਬਹੁਤ ਕਰਮਾਂ ਵਾਲਾ ਸਮਝਦਾ ਸੀ ਕਿ ਉਸ ਕੋਲ ਗੰਗਾ ਵਰਗੀ ਗਾਂ ਅਤੇ ਜਮੁਨਾ ਵਰਗੀ ਮੱਝ ਸੀ । ਰਾਧਾ ਅਤੇ ਬੱਚੇ ਵੀ ਗੰਗਾ ਅਤੇ ਜਮੁਨਾ ਨੂੰ ਬਹੁਤ ਪਿਆਰ ਕਰਦੇ ਸਨ ।

ਪਰ ਇਸ ਹਸਦੇ-ਖੇਡਦੇ ਟੱਬਰ ਉਤੇ ਅਚਾਨਕ ਦੁੱਖਾਂ ਦੇ ਬੱਦਲ ਮੰਡਲਾਉਣ ਲਗੇ। ਗੰਗਾ ਨੂੰ ਕੋਈ ਰੋਗ ਲਗ ਗਿਆ ਅਤੇ ਉਹ ਬਿਮਾਰ ਰਹਿਣ ਲਗੀ । ਬਨਵਾਰੀ ਨੇ ਘਰੇ ਹੀ ਉਸਦਾ ਕਾਫ਼ੀ ਓਹੜ ਪੋਹੜ ਕੀਤਾ, ਪਰ ਕੋਈ ਫ਼ਾਇਦਾ ਨਹੀਂ ਹੋਇਆ ਅਤੇ ਗੰਗਾ ਦੁੱਧ ਘੱਟ ਅਤੇ ਖ਼ਰਾਬ ਦੇਣ ਲਗ ਪਈ । ਬਨਵਾਰੀ ਦੀ ਕਮਾਈ ਘੱਟ ਹੋ ਗਈ ਅਤੇ ਘਰ ਵਿਚ ਇਕ ਤੋਂ ਮਗਰੋਂ ਇਕ ਮੁਸੀਬਤ ਡੇਰਾ ਜਮਾਉਣ ਲੱਗੀ। ਰਾਧਾ ਦੇ ਲੱਖ ਸਮਝਾਉਣ ਤੇ ਵੀ, ਇਨ੍ਹਾਂ ਮੁਸੀਬਤਾਂ ਤੋਂ ਤੰਗ ਆ ਕੇ, ਬਨਵਾਰੀ ਨੇ ਗੰਗਾ ਨੂੰ ਵੇਚਣ ਦਾ ਫੈਸਲਾ ਕਰ ਲਿਆ ।



*ਗੰਗਾ ਬਿਮਾਰ, ਕਮਾਈ ਘੱਟ, ਟੱਬਰ ਫ਼ਿਕਰਮੰਦ*

ਉਨ੍ਹੀ ਹੀ ਦਿਨੀਂ ਲਾਗਲੇ ਪਿੰਡ ਵਿਚ ਪਸ਼ੂ–ਮੇਲਾ ਲੱਗਾ ਹੋਇਆ ਸੀ। ਬਨਵਾਰੀ ਨੇ ਸੋਚ ਲਿਆ ਕਿ ਉਹ ਮੇਲੇ ਵਿਚ ਗੰਗਾ ਨੂੰ ਵੇਚ ਕੇ ਇਕ ਹੋਰ ਗਾਂ ਲੈ ਆਵੇਗਾ।



ਬਨਵਾਰੀ ਗੰਗਾ ਨੂੰ ਵੇਚਣ ਵਾਸਤੇ ਮੰਡੀ ਨੂੰ ਜਾ ਰਿਹਾ ਹੈ

ਅਗਲੇ ਦਿਨ ਬਨਵਾਰੀ ਗੰਗਾ ਦਾ ਰੱਸਾ ਫੜਕੇ ਮੇਲੇ ਲੈਕੇ ਜਾਣ ਲੱਗਿਆ ਤਾਂ ਰਾਧਾ ਅਤੇ ਬੱਚੇ ਗੰਗਾ ਦੇ ਗਲ ਲੱਗ ਕੇ ਰੋਣ ਲਗੇ। ਬਨਵਾਰੀ ਦੀਆਂ ਵੀ ਅੱਖਾਂ ਭਰ ਆਈਆਂ। ਪਰ ਉਸਨੇ ਆਪਣਾ ਮਨ ਕਰੜਾ ਕੀਤਾ ਅਤੇ ਘਰ ਵਾਲਿਆਂ ਨੂੰ ਸਮਝਾ ਬੁਝਾ ਕੇ ਗੰਗਾ ਨੂੰ ਲੈ ਕੇ ਮੇਲੇ ਵਲ ਤੁਰ ਪਿਆ।

ਤੁਰਦਾ ਤੁਰਦਾ ਬਨਵਾਰੀ ਜਦੋਂ ਥੱਕ ਗਿਆ ਤਾਂ ਕੁੱਝ ਦੇਰ ਇਕ ਦ੍ਰਖ਼ਤ ਹੇਠਾਂ ਬੈਠ ਕੇ ਸਾਹ ਲੈਣ ਲਗਿਆ। ਉਸਦਾ ਚਿਤ ਵੀ ਉਦਾਸ ਸੀ ਅਤੇ ਗੰਗਾ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਵੇਖ ਕੇ ਉਸਦਾ ਹੌਕਾ ਨਿਕਲ ਗਿਆ ਅਤੇ ਉਹ ਕਹਿਣ ਲਗਿਆ – ''ਮੈਨੂੰ ਮਾਫ਼ ਕਰ ਦੇ ਗੰਗਾ।'' ਬਨਵਾਰੀ ਸੋਚਾਂ ਵਿਚ ਡੁੱਬਿਆ ਹੋਇਆ ਸੀ, ਤਦੇ ਉਸਨੇ ਇਕ ਆਵਾਜ਼ ਸੁਣੀ – ''ਵੀਰੇ!'' ਉਸਨੇ ਮੁੜਕੇ ਵੇਖਿਆ ਤਾਂ ਗੰਗਾ ਉਸ ਨਾਲ ਗੱਲਾਂ ਕਰ ਰਹੀ ਸੀ। ''ਵੀਰੇ! ਮੈਨੂੰ ਆਪਣੇ ਟੱਬਰ ਨਾਲੋਂ ਅੱਡ ਨਾ ਕਰ। ਮੈਨੂੰ ਨਾ ਵੇਚ ਵੀਰੇ!''



ਰਾਹ ਵਿਚ ਗੰਗਾ ਬਨਵਾਰੀ ਨਾਲ ਗੱਲਾਂ ਕਰਦੀ ਹੈ

ਬਨਵਾਰੀ ਨੂੰ ਯਕੀਨ ਨਹੀਂ ਆਇਆ। ਉਸ ਨੂੰ ਲੱਗਿਆ ਜਿਵੇਂ ਉਹ ਕੋਈ ਸੁਫ਼ਨਾ ਵੇਖ ਰਿਹਾ ਹੈ। ਇਹੀ ਸੋਚ ਕੇ ਉਹ ਗੰਗਾ ਨਾਲ ਗੱਲਾਂ ਕਰਨ ਲੱਗਿਆ – ''ਕੀ ਕਰਾਂ ਗੰਗਾ, ਤੈਨੂੰ ਵੇਚਣ ਦਾ ਮੈਨੂੰ ਵੀ ਦੁੱਖ ਹੋ ਰਿਹਾ ਹੈ। ਪਰ ਮੈਂ ਮਜ਼ਬੂਰ ਹਾਂ। ਪਤਾ ਨਹੀਂ ਤੈਨੂੰ ਕਿਹੜਾ ਰੋਗ ਲੱਗ ਗਿਆ ਹੈ ਕਿ ਤੇਰਾ ਦੁੱਧ ਘੱਟ ਵੀ ਹੋ ਗਿਆ ਹੈ ਅਤੇ ਖ਼ਰਾਬ ਵੀ। ਇਸ ਨਾਲ ਮੇਰੀ ਆਮਦਨ ਕਾਫ਼ੀ ਘੱਟ ਹੋ ਗਈ ਹੈ। ਟੱਬਰ ਦਾ ਗੁਜ਼ਾਰਾ ਔਖਾ ਹੋ ਗਿਆ ਹੈ। ਤੈਨੂੰ ਤਾਂ ਪਤਾ ਹੈ, ਮੈਂ ਘਰੇ ਤੇਰਾ ਕਿੰਨਾ ਇਲਾਜ ਵੀ ਕੀਤਾ ਹੈ। ਇਸ ਲਈ ਤੈਨੂੰ ਵੇਚ ਕੇ ਵੱਧ ਤੇ ਵਧੀਆ ਦੁੱਧ ਦੇਣ ਵਾਲੀ ਗਾਂ ਲੈਕੇ ਆਉਣ ਤੋਂ ਬਿਨਾਂ ਮੇਰੇ ਕੋਲ ਕੋਈ ਚਾਰਾ ਨਹੀਂ।''

''ਪਰ ਇਸ ਵਿਚ ਮੇਰਾ ਕੀ ਕਸੂਰ ਹੈ ?'' ਗੰਗਾ ਨੇ ਪੁੱਛਿਆ।

ਡੂੰਘਾ ਸਾਹ ਲੈ ਕੇ ਬਨਵਾਰੀ ਨੇ ਕਿਹਾ - ''ਹਾਂ ਗੰਗਾ, ਜਿਵੇਂ ਨੀਲੀ ਛਤਰੀ ਵਾਲੇ ਦੀ ਮਰਜ਼ੀ''।

''ਇਹ ਨੀਲੀ ਛਤਰੀ ਵਾਲੇ ਦੀ ਮਰਜ਼ੀ ਨਹੀਂ ਵੀਰੇ,'' ਗੰਗਾ ਨੇ ਕਿਹਾ, ''ਇਹ ਸਾਰੀ ਤੇਰੀ ਅਤੇ ਰਾਧਾ ਭਾਬੀ ਦੀ ਗਲਤੀ ਹੈ। ਤੁਹਾਨੂੰ ਪਸ਼ੂਆਂ ਦੀ ਸੰਭਾਲ ਕਰਨੀ ਨਹੀਂ ਆਉਂਦੀ।''

ਬਨਵਾਰੀ ਨੇ ਹੈਰਾਨੀ ਨਾਲ ਪੁੱਛਿਆ ''ਇਹ ਤੂੰ ਕੀ ਕਹਿ ਰਹੀ ਏਂ ਗੰਗਾ ? ਅਸੀਂ ਤਾਂ ਪੀੜ੍ਹੀ-ਦਰ-ਪੀੜ੍ਹੀ ਇਹੋ ਕਿੱਤਾ ਕਰਦੇ ਆ ਰਹੇ ਹਾਂ।''

ਗੰਗਾ ਨੇ ਕਿਹਾ, ''ਚਲ, ਮੈਂ ਤੈਨੂੰ ਦੁੱਧ ਦੀ ਕਹਾਣੀ ਸੁਣਾਉਂਦੀ ਹਾਂ।''

ਬਨਵਾਰੀ ਦੀ ਸਮਝ ਵਿਚ ਕੁੱਝ ਨਹੀਂ ਆਇਆ ਤਾਂ ਉਸਨੇ ਪੁੱਛਿਆ- ''ਦੁੱਧ ਦੀ ਕਹਾਣੀ ?''

''ਹਾਂ, ਸ਼ੁਧ, ਸਾਫ਼ ਅਤੇ ਸੱਜਰਾ ਦੁੱਧ ਪ੍ਰਾਪਤ ਕਰਨ ਅਤੇ ਉਸਦਾ ਮਿਆਰ ਕਾਇਮ ਰੱਖਣ ਵਾਸਤੇ ਪਸ਼ੂ ਦੀ ਸੰਭਾਲ ਕਿਵੇਂ ਕੀਤੀ ਜਾਵੇ, ਇਹੀ ਸਭ ਹੈ ਦੁੱਧ ਦੀ ਕਹਾਣੀ ਵਿਚ।''


''ਇਹ ਕਹਾਣੀ ਤੈਨੂੰ ਕੀਹਨੇ ਸੁਣਾਈ ?'' ਬਨਵਾਰੀ ਨੇ ਹੈਰਾਨ ਹੋਕੇ ਪੁੱਛਿਆ।

ਗੰਗਾ ਨੇ ਕਿਹਾ, ''ਇਕ ਦਿਨ ਮੈਂ ਅਤੇ ਜਮੁਨਾ ਘਾਹ ਚਰਣ ਖੇਤ ਗਈਆਂ ਸੀ। ਉਥੇ ਸਾਨੂੰ ਗੌਰੀ ਅਤੇ ਪਾਰੋ ਨਾਂ ਦੀਆਂ ਦੋ ਗਾਵਾਂ ਅਤੇ ਚੰਪਾ ਨਾਂ ਦੀ ਮੱਝ ਮਿਲੀ, ਜਿਨ੍ਹਾਂ ਨੂੰ ਕਦੇ ਕੋਈ ਵੱਡੀ ਬਿਮਾਰੀ ਨਹੀਂ ਲੱਗੀ ਅਤੇ ਨਾ ਹੀ ਉਨ੍ਹਾਂ ਦਾ ਦੁੱਧ ਕਦੇ ਖ਼ਰਾਬ ਨਿਕਲਦਾ ਸੀ।''

''ਅੱਛਾ !''

''ਹਾਂ, ਉਨ੍ਹਾਂ ਦਾ ਮਾਲਕ ਡੇਅਰੀ-ਵਿਗਿਆਨ ਦੀ ਪੜ੍ਹਾਈ ਕਰ ਚੁੱਕਿਆ ਹੈ। ਗੌਰੀ, ਪਾਰੋ ਅਤੇ ਚੰਪਾ ਨੇ ਹੀ ਸਾਨੂੰ ਆਪਣੇ ਰਹਿਣ-ਸਹਿਣ ਅਤੇ ਦੁੱਧ ਸਾਫ਼ ਰੱਖਣ ਦੀਆਂ ਗੱਲਾਂ ਦੱਸੀਆਂ। ਮੈਂ ਉਹੀ ਕਹਾਣੀ ਤੈਨੂੰ ਸੁਣਾਉਂਦੀ ਹਾਂ।''

''ਅੱਛਾ, ਸੁਣਾ'' ਬਨਵਾਰੀ ਨੇ ਕਿਹਾ।



ਗੌਰੀ, ਚੰਪਾ, ਪਾਰੋ, ਗੰਗਾ ਅਤੇ ਜਮੁਨਾ ਨੂੰ ਦੁੱਧ ਦੀ ਕਹਾਣੀ ਸੁਣਾਉਂਦੀਆਂ ਹਨ

ਪਾਰੋ : ਭੈਣੋ, ਤੁਹਾਡੀਆਂ ਤਕਲੀਫ਼ਾਂ ਵੇਖਕੇ ਮੇਰਾ ਮਨ ਉਦਾਸ ਹੋ ਗਿਆ ਹੈ। ਮੈਂ ਅਤੇ ਮੇਰੀਆਂ ਭੈਣਾਂ ਗੌਰੀ ਅਤੇ ਚੰਪਾ ਤੁਹਾਨੂੰ ਦੱਸਾਂਗੀਆਂ ਕਿ ਤੁਹਾਡੇ ਮਾਲਕ ਨੂੰ ਕਿਸ ਤਰ੍ਹਾਂ ਤੁਹਾਡਾ ਅਤੇ ਦੁੱਧ ਦਾ ਧਿਆਨ ਰੱਖਣਾ ਚਾਹੀਦਾ ਹੈ।

ਚੰਪਾ : ਸਾਡੀਆਂ ਗੱਲਾਂ ਗੌਰ ਨਾਲ ਸੁਣਿਓ ਅਤੇ ਆਪਣੇ ਮਾਲਕ ਨੂੰ ਦਸਿਓ। ਜੇ ਸਾਡੇ ਦੱਸੇ ਤਰੀਕਿਆਂ ਉਤੇ ਅਮਲ ਕੀਤਾ ਗਿਆ ਤਾਂ ਤੁਸੀਂ ਕਦੇ ਬਿਮਾਰ ਨਹੀਂ ਹੋਵੋਗੀਆਂ।

ਗੌਰੀ : ਅਤੇ ਤੁਹਾਡਾ ਦੁੱਧ ਵੀ ਵਧੀਆ ਹੋਵੇਗਾ, ਜਿਸ ਨਾਲ ਤੁਹਾਡੇ ਮਾਲਕ ਦੀ ਕਮਾਈ ਵੀ ਪਹਿਲਾਂ ਨਾਲੋਂ ਵੱਧ ਹੋ ਜਾਵੇਗੀ।

ਗੰਗਾ : ਦੱਸ ਭੈਣੇ, ਅਸੀਂ ਵੀ ਤਾਂ ਇਹੀ ਚਾਹੁੰਦੀਆਂ ਹਾਂ।

ਗੌਰੀ : ਪਹਿਲਾਂ ਦੁੱਧ ਬਾਰੇ ਕੁਝ ਕੰਮ ਦੀਆਂ ਗੱਲਾਂ ਸੁਣੋ। ਜੇ ਗਾਂ ਜਾਂ ਮੱਝ ਤੰਦਰੁਸਤ ਹੋਵੇ ਤਾਂ ਉਸਦੇ ਥਣਾਂ ਵਿਚੋਂ ਚੋਏ ਦੁੱਧ ਵਿਚ ਕੋਈ ਨੁਕਸ ਨਹੀਂ ਹੁੰਦਾ।

ਚੰਪਾ : ਦੁੱਧ ਦਾ ਇਹ ਮਿਆਰ ਬਰਕਰਾਰ ਰੱਖਣ ਵਾਸਤੇ ਪਸ਼ੂਆਂ, ਉਨ੍ਹਾਂ ਨੂੰ ਬੰਨ੍ਹਣ ਦੀ ਥਾਂ, ਉਨ੍ਹਾਂ ਨੂੰ ਪਾਲਣ ਵਾਲਿਆਂ, ਦੁੱਧ ਰੱਖਣ ਵਾਲੇ ਭਾਂਡਿਆਂ ਆਦਿ ਦੀ ਸਾਫ਼-ਸਫ਼ਾਈ ਉਤੇ ਵੱਧ ਧਿਆਨ ਦੇਣਾ ਜ਼ਰੂਰੀ ਹੈ। ਇਸ ਦੇ ਨਾਲ ਨਾਲ ਧਾਰ ਕੱਢਣ ਮਗਰੋਂ ਦੁੱਧ ਸਹਿਕਾਰੀ ਸਭਾ ਤਕ ਛੇਤੀ ਪਹੁੰਚਾਉਣਾ ਚਾਹੀਦਾ ਹੈ। ਜੇ ਇਨ੍ਹਾਂ ਗੱਲਾਂ ਦਾ ਧਿਆਨ ਨਾ ਰੱਖਿਆ ਜਾਵੇ ਤਾਂ ਦੁੱਧ ਵਿਚ ਸੂਖਮ ਜੀਵਾਂ ਦੀ ਗਿਣਤੀ ਵਧ ਜਾਂਦੀ ਹੈ ਅਤੇ ਦੁੱਧ ਖ਼ਰਾਬ ਹੋ ਜਾਂਦਾ ਹੈ।

ਜਮੁਨਾ : ਸੂਖਮ ਜੀਵ ? ਪਰ ਮੈਂ ਤਾਂ ਦੁੱਧ ਵਿਚ ਕਦੇ ਸੂਖਮ ਜੀਵ ਨਹੀਂ ਵੇਖੇ।

ਬਾਕੀ ਸਭ : ਹਾਂ, ਅਸੀਂ ਵੀ ਨਹੀਂ ਵੇਖੇ।

ਪਾਰੋ : ਕਿਉਂਕਿ ਸੂਖਮ ਜੀਵ ਇੰਨੇ ਛੋਟੇ ਹੁੰਦੇ ਹਨ ਕਿ ਅੱਖਾਂ ਨਾਲ ਨਜ਼ਰ ਨਹੀਂ ਆਉਂਦੇ। ਇਨ੍ਹਾਂ ਨੂੰ ਜੀਵਾਣੂ ਵੀ ਕਹਿੰਦੇ ਹਨ। ਇਹ ਸਿਰਫ਼ ਖ਼ੁਰਦਬੀਨ ਨਾਲ ਹੀ ਵੇਖੇ ਜਾ ਸਕਦੇ ਹਨ। ਇਹੀ ਜੀਵਾਣੂ ਦੁੱਧ ਦਾ ਮਿਆਰ ਘੱਟ ਕਰ ਦਿੰਦੇ ਹਨ।



ਜੀਵਾਣੂ ਵੇਖਣ
ਵਾਲਾ ਸੂਖਮ-ਦਰਸ਼ੀ ਯੰਤਰ

ਗੰਗਾ : ਮਤਲਬ ਤੂੰ ਸਾਫ਼-ਸਫ਼ਾਈ ਦੀਆਂ ਜਿਹੜੀਆਂ ਗੱਲਾਂ ਦੱਸੀਆਂ ਹਨ, ਉਨ੍ਹਾਂ ਉਤੇ ਅਮਲ ਕੀਤਾ ਜਾਵੇ ਤਾਂ ਦੁੱਧ ਠੀਕ ਰਹੇਗਾ ?

ਪਾਰੋ : ਹਾਂ ਭੈਣੇ। ਜੇ ਸਾਫ਼-ਸੁਥਰੀ ਅਤੇ ਤੰਦਰੁਸਤ ਗਾਂ ਜਾਂ ਮੱਝ ਦੀ ਧਾਰ, ਸਾਫ਼-ਸੁਥਰਾ ਵਿਅਕਤੀ, ਸਾਫ਼ ਭਾਂਡੇ ਵਿਚ ਕੱਢੇ ਅਤੇ ਆਲੇ-ਦੁਆਲੇ ਦੀ ਥਾਂ ਸਾਫ਼ ਹੋਵੇ ਤਾਂ ਦੁੱਧ ਵਿਚ ਜੀਵਾਣੂਆਂ ਦੀ ਗਿਣਤੀ ਘੱਟ ਹੁੰਦੀ ਹੈ। ਇਸ ਨਾਲ ਦੁੱਧ ਵਿਚ ਧੂੜ, ਮੱਖੀਆਂ ਆਦਿ ਵੀ ਨਹੀਂ ਪੈਂਦੀਆਂ।

ਚੰਪਾ : ਅਤੇ ਜੇ ਅਜਿਹੇ ਦੁੱਧ ਨੂੰ ਢਕੇ ਹੋਏ ਸਟੀਲ ਦੇ ਭਾਂਡੇ ਵਿਚ ਛੇਤੀ ਹੀ ਸਹਿਕਾਰੀ ਸਭਾ ਤਕ ਪਹੁੰਚਾਇਆ ਜਾਵੇ ਤਾਂ ਦੁੱਧ ਦਾ ਦਰਜਾ ਜਾਂ ਮਿਆਰ ਬਹੁਤੇ ਸਮੇਂ ਤਕ ਕਾਇਮ ਰਹਿੰਦਾ ਹੈ।

ਪਾਰੋ : ਤੁਹਾਨੂੰ ਸਭ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਜੇ ਇਨ੍ਹਾਂ ਗੱਲਾਂ ਉਤੇ ਸਹੀ ਢੰਗ ਨਾਲ ਅਮਲ ਨਾ ਕੀਤਾ ਜਾਵੇ ਤਾਂ ਡੇਅਰੀ ਤਕ ਪਹੁੰਚਦੇ ਪਹੁੰਚਦੇ ਦੁੱਧ ਦੇ ਹਰ ਤੁਪਕੇ ਵਿਚ ਜੀਵਾਣੂਆਂ ਦੀ ਗਿਣਤੀ ਹਜ਼ਾਰਾਂ - ਲੱਖਾਂ ਤਕ ਪਹੁੰਚ ਜਾਂਦੀ ਹੈ।

ਜਮੁਨਾ : ਸਚਮੁੱਚ ?

ਗੌਰੀ : ਹਾਂ ਅਤੇ ਇਹ ਜੀਵਾਣੂ ਹਰ 15 ਤੋਂ 20 ਮਿੰਟਾਂ ਵਿਚ ਦੁਗਣੇ ਹੋ ਜਾਂਦੇ ਹਨ, ਜਿਸ ਨਾਲ ਦੁੱਧ ਦਾ ਮਿਆਰ ਤੇਜ਼ੀ ਨਾਲ ਘੱਟ ਹੋਣ ਲਗਦਾ ਹੈ।


ਜਮੁਨਾ : ਪਰ ਸਾਫ਼ ਦੁੱਧ ਨਾਲ ਸਾਡੇ ਮਾਲਕ ਨੂੰ ਕੀ ਫ਼ਾਇਦਾ ਹੋਵੇਗਾ ?

ਗੌਰੀ : ਜੇ ਦੁੱਧ ਸਾਫ਼ ਅਤੇ ਸੱਜਰਾ ਹੋਵੇਗਾ ਤਾਂ ਪੀਣ ਵਾਲੇ ਵੀ ਸਾਰੇ ਤੰਦਰੁਸਤ ਰਹਿਣਗੇ ਅਤੇ ਹਮੇਸ਼ਾ ਉਸੇ ਡੇਅਰੀ ਤੋਂ ਦੁੱਧ ਮੁੱਲ ਲੈਣਗੇ।

ਚੰਪਾ : ਅਜਿਹੇ ਦੁੱਧ ਤੋਂ ਬਣਨ ਵਾਲੀਆਂ ਚੀਜ਼ਾਂ ਵੀ ਉੱਚੇ ਦਰਜੇ ਦੀਆਂ ਅਤੇ ਸੁਆਦਲੀਆਂ ਹੋਣਗੀਆਂ ਅਤੇ ਛੇਤੀ ਖ਼ਰਾਬ ਨਹੀਂ ਹੋਣਗੀਆਂ। ਇਸ ਨਾਲ ਆਪਣੇ ਮਾਲਕ ਅਤੇ ਡੇਅਰੀ ਦੋਵਾਂ ਦੀ ਆਮਦਨ ਵਧੇਗੀ।

ਗੰਗਾ : ਭੈਣੇ, ਸਾਨੂੰ ਦੁੱਧ ਸਾਫ਼ ਰੱਖਣ ਦੇ ਢੰਗ ਦੱਸੋ।

ਪਾਰੋ : ਉਸ ਵਾਸਤੇ ਸਭ ਤੋਂ ਪਹਿਲਾਂ ਗਾਂ ਜਾਂ ਮੱਝ ਨੂੰ ਤੰਦਰੁਸਤ ਰੱਖਣਾ ਪਵੇਗਾ। ਉਨ੍ਹਾਂ ਨੂੰ ਜਿਥੇ ਬੰਨ੍ਹਿਆਂ ਜਾਂਦਾ ਹੈ, ਉਹ ਥਾਂ ਸਾਫ਼-ਸੁਥਰੀ ਹੋਣੀ ਚਾਹੀਦੀ ਹੈ। ਤੁਹਾਨੂੰ ਕਿਥੇ ਰੱਖਿਆ ਜਾਂਦਾ ਹੈ?



ਸਾਫ਼-ਸੁਥਰਾ ਅਤੇ ਤੰਦਰੁਸਤ ਪਸ਼ੂ

ਜਮੁਨਾ : ਸਾਨੂੰ ਤਾਂ ਘਰ ਦੇ ਸਾਹਮਣੇ ਦ੍ਰਖ਼ਤ ਹੇਠਾਂ ਬੰਨ੍ਹ ਕੇ ਰੱਖਿਆ ਜਾਂਦਾ ਹੈ। ਪਰ ਉਥੇ ਪੇਸ਼ਾਬ ਅਤੇ ਗੋਹਾ ਆਦਿ ਜਮ੍ਹਾ ਹੋ ਜਾਣ ਕਰਕੇ ਬੈਠਣ ਵਾਲੀ ਥਾਂ ਗੰਦੀ ਹੋ ਜਾਂਦੀ ਹੈ। ਕੋਈ ਉਸ ਥਾਂ ਦੀ ਸਫ਼ਾਈ ਵੀ ਨਹੀਂ ਕਰਦਾ ਅਤੇ ਸਾਨੂੰ ਗੰਦਗੀ ਵਿਚ ਹੀ ਰਹਿਣਾ ਪੈਂਦਾ ਹੈ।

ਚੰਪਾ : ਸਾਡੇ ਰਹਿਣ ਦੀ ਥਾਂ ਉਤੇ ਛੱਤ ਹੋਣੀ ਚਾਹੀਦੀ ਹੈ ਅਤੇ ਇਹ ਥਾਂ ਹਵਾਦਾਰ ਅਤੇ ਆਰਾਮਦੇਹ ਹੋਣੀ ਚਾਹੀਦੀ ਹੈ। ਨਾਲ ਨਾਲ ਸਾਫ਼ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ।


ਗੌਰੀ : ਇਸ ਥਾਂ ਨੂੰ ਅਤੇ ਆਲੇ-ਦੁਆਲੇ ਦੀ ਥਾਂ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ। ਦੁੱਧ ਚੋਣ ਵਾਲੀ ਥਾਂ 'ਤੇ ਚਾਰਾ ਜਮ੍ਹਾ ਕਰਕੇ ਨਹੀਂ ਰੱਖਣਾ ਚਾਹੀਦਾ।

ਗਾਂ ਜਾਂ ਮੱਝ ਬੰਨ੍ਹਣ ਵਾਲੀ ਥਾਂ ਤੇ ਘੱਟੋ ਘੱਟ ਮਿੱਟੀ ਦਾ ਸਾਫ਼-ਸੁਥਰਾ ਫਰਸ਼ ਤਾਂ ਹੋਣਾ ਹੀ ਚਾਹੀਦਾ ਹੈ। ਜੇ ਫਰਸ਼ ਪੱਕਾ ਹੋਵੇ ਤਾਂ ਹੋਰ ਵੀ ਚੰਗਾ ਹੈ।


ਗੰਗਾ : ਹੋਰ ਕੀ ਕੀ ਕਰਨਾ ਚਾਹੀਦਾ ਹੈ?

ਗੌਰੀ : ਜਿਥੇ ਪਸ਼ੂਆਂ ਨੂੰ ਬੰਨ੍ਹ ਕੇ ਰਖਿਆ ਜਾਂਦਾ ਹੈ, ਉਹ ਥਾਂ ਅਜਿਹੀ ਹੋਵੇ ਕਿ ਪਾਣੀ ਜਾਂ ਪੇਸ਼ਾਬ ਰੁੜ੍ਹ ਕੇ ਨਾਲੀ ਰਾਹੀਂ ਇਕ ਟੋਏ ਵਿਚ ਚਲਾ ਜਾਵੇ।

ਪਾਰੋ : ਗੋਹਾ ਪਸ਼ੂਆਂ ਤੋਂ ਦੂਰ ਰੂੜੀ ਵਾਲੇ ਟੋਏ ਜਾਂ ਗੋਬਰ ਗੈਸ ਪਲਾਂਟ ਵਿਚ ਸੁੱਟ ਦੇਣਾ ਚਾਹੀਦਾ ਹੈ।



ਗਾਂ ਜਾਂ ਮੱਝ ਨੂੰ ਸਾਫ਼-ਸੁਥਰੀ ਥਾਂ 'ਤੇ ਰਖਣਾ ਚਾਹੀਦਾ ਹੈ ਅਤੇ ਫਰਸ਼ ਪੱਕਾ ਅਤੇ ਆਰਾਮਦੇਹ ਹੋਣਾ ਚਾਹੀਦਾ ਹੈ



ਗੋਹਾ ਪਸ਼ੂਆਂ ਤੋਂ ਦੂਰ ਰੂੜੀ ਵਾਲੇ ਟੋਏ ਜਾਂ ਗੋਬਰ ਗੈਸ ਪਲਾਂਟ ਵਿਚ ਸੁੱਟ ਦੇਣਾ ਚਾਹੀਦਾ ਹੈ

ਇੰਨੀ ਕਹਾਣੀ ਸੁਣਾ ਕੇ ਗੰਗਾ ਚੁੱਪ ਹੋ ਗਈ। ਬਨਵਾਰੀ ਉਸ ਦੀਆਂ ਗੱਲਾਂ ਬੜੇ ਗਹੁ ਨਾਲ ਸੁਣ ਰਿਹਾ ਸੀ ਅਤੇ ਅੱਗੇ ਕੀ ਹੋਇਆ ਇਹ ਸੁਨਣ ਲਈ ਬੇਚੈਨ ਸੀ। ਉਸ ਨੇ ਗੰਗਾ ਨੂੰ ਪੁੱਛਿਆ ''ਮੈਨੂੰ ਸਾਰੀ ਕਹਾਣੀ ਸੁਣਾ। ਹੋਰ ਕੀ ਕੀ ਸਮਝਾਇਆ ਤੈਨੂੰ ਪਾਰੋ, ਗੌਰੀ ਅਤੇ ਚੰਪਾ ਨੇ?''

ਗੰਗਾ ਬੋਲੀ, ''ਉਨ੍ਹਾਂ ਨੇ ਮੈਨੂੰ ਬਹੁਤ ਸਾਰੀਆਂ ਗੱਲਾਂ ਦੱਸੀਆਂ ਹਨ, ਪਰ ਆਪਾਂ ਇਥੇ ਬੈਠੇ ਰਹੇ ਤਾਂ ਤ੍ਰਿਕਾਲਾਂ ਹੋ ਜਾਣਗੀਆਂ। ਘਰੇ ਰਾਧਾ ਭਾਬੀ ਅਤੇ ਬੱਚੇ ਫ਼ਿਕਰ ਕਰਦੇ ਹੋਣਗੇ। ਚਲ, ਘਰ ਚਲਦੇ ਹਾਂ। ਬਾਕੀ ਕਹਾਣੀ ਮੈਂ ਤੈਨੂੰ ਰਾਹ ਵਿਚ ਸੁਣਾਵਾਂਗੀ।''



ਬਨਵਾਰੀ ਗੰਗਾ ਨੂੰ ਲੈਕੇ ਘਰ ਮੁੜ ਰਿਹਾ ਹੈ

ਬਨਵਾਰੀ ਨੂੰ ਵੀ ਗੱਲ ਠੀਕ ਲੱਗੀ ਅਤੇ ਉਹ ਗੰਗਾ ਦੀ ਰੱਸੀ ਖੋਲ੍ਹਕੇ, ਉਸ ਨੂੰ ਲੈਕੇ ਘਰ ਵਲ ਤੁਰ ਪਿਆ। ਕੁਝ ਦੇਰ ਤੁਰਣ ਪਿਛੋਂ ਉਸ ਨੂੰ ਕੁਝ ਯਾਦ ਆਇਆ ਅਤੇ ਉਹ ਅਚਾਨਕ ਰੁਕ ਗਿਆ ਅਤੇ ਕਹਿਣ ਲੱਗਿਆ, ''ਪਰ ਮੈਂ ਤਾਂ ਤੈਨੂੰ ਮੇਲੇ ਲੈਕੇ ਜਾ ਰਿਹਾ ਸੀ।''


ਘਰ ਮੁੜ ਜਾਣ ਦੀ ਖੁਸ਼ੀ ਵਿਚ ਗੰਗਾ ਦਾ ਚਿੱਤ ਖਿੜ ਉਠਿਆ ਸੀ, ਇਹ ਸੁਣਕੇ ਮੁਰਝਾ ਗਿਆ ਅਤੇ ਉਹ ਬੋਲੀ, ''ਵੀਰਾ, ਮੈਂ ਇਹ ਕਹਾਣੀ ਤੈਨੂੰ ਇਸ ਲਈ ਸੁਣਾ ਰਹੀ ਸੀ ਕਿ ਜੇ ਤੂੰ ਚੰਗੀ ਤਰ੍ਹਾਂ ਮੇਰਾ ਖਿਆਲ ਰਖੇਂਗਾ ਤਾਂ ਮੈਂ ਕਦੇ ਬਿਮਾਰ ਨਹੀਂ ਹੋਵਾਂਗੀ। ਫਿਰ ਮੈਂ ਸ਼ੁਧ-ਸਾਫ਼ ਅਤੇ ਤਾਕਤਵਰ ਦੁੱਧ ਹੋਰ ਵੀ ਵਧ ਦਿਆਂਗੀ ਅਤੇ ਤੇਰੀ ਕਮਾਈ ਵੀ ਵਧੇਗੀ। ਅਜੇ ਵੀ ਤੂੰ ਮੈਨੂੰ ਮੇਲੇ 'ਚ ਵੇਚਣਾ ਚਾਹੁੰਦਾ ਏਂ ?

ਬਨਵਾਰੀ ਨੇ ਕੁਝ ਦੇਰ ਸੋਚਿਆ ਅਤੇ ਬੋਲਿਆ, ''ਅੱਛਾ, ਇਕ ਵਾਰੀ ਤੇਰੇ ਦੱਸੇ ਢੰਗ ਨਾਲ ਤੇਰਾ ਖਿਆਲ ਰਖਦਾ ਹਾਂ, ਜੇ ਤੂੰ ਠੀਕ ਹੋ ਗਈ ਤਾਂ ਤੈਨੂੰ ਕਦੇ ਨਹੀਂ ਵੇਚਾਂਗਾ। ਚੱਲ, ਹੁਣ ਅੱਗੇ ਕਹਾਣੀ ਸੁਣਾ।''

ਗੰਗਾ ਦਾ ਮਨ ਫਿਰ ਬਾਗ਼ ਬਾਗ਼ ਹੋ ਗਿਆ ਅਤੇ ਉਸਨੇ ਕਹਾਣੀ ਅੱਗੇ ਵਧਾਈ, ''ਇਸ ਤੋਂ ਮਗਰੋਂ ਚੰਪਾ ਅਤੇ ਪਾਰੋ ਨੇ ਧਾਰ ਕੱਢਣ ਵਾਲੇ ਬਾਰੇ ਦੱਸਿਆ।''

ਪਾਰੋ : ਜੇ ਦੁੱਧ ਚੋਣ ਵਾਲਾ ਬਿਮਾਰ ਹੈ, ਤਾਂ ਉਸ ਦੀ ਬਿਮਾਰੀ ਦਾ ਅਸਰ ਦੁੱਧ ਉੱਤੇ ਵੀ ਹੁੰਦਾ ਹੈ।

ਚੰਪਾ : ਇਸ ਲਈ ਜੇ ਕਿਸੇ ਨੂੰ ਸਰਦੀ, ਖੰਘ, ਮਰੋੜੇ, ਟੀ.ਬੀ., ਚਮੜੀ ਦਾ ਰੋਗ ਜਾਂ ਛੂਤ ਦੀ ਬਿਮਾਰੀ ਹੋਵੇ ਜਾਂ ਉਨ੍ਹਾਂ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਨੂੰ ਦੁੱਧ ਨਹੀਂ ਚੋਣਾ ਚਾਹੀਦਾ।



ਦੁੱਧ ਚੋਣ ਵਾਲਾ ਸਾਫ਼-ਸੁਥਰਾ ਅਤੇ ਤੰਦਰੁਸਤ ਹੋਣਾ ਚਾਹੀਦਾ ਹੈ

ਪਾਰੋ : ਫੱਟ, ਫਿਨਸੀ, ਫੋੜੇ ਖੁਲ੍ਹੇ ਹੋਣ ਜਾਂ ਹੱਥ 'ਤੇ ਕਿਤੇ ਚੀਰਾ ਆ ਗਿਆ ਹੋਵੇ ਤਾਂ ਚੰਗੀ ਤਰ੍ਹਾਂ ਮਲ੍ਹਮ-ਪੱਟੀ ਕਰਨ ਤੋਂ ਬਿਨਾਂ ਵੀ ਧਾਰ ਨਹੀਂ ਕੱਢਣੀ ਚਾਹੀਦੀ।

ਚੰਪਾ : ਧਾਰ ਕੱਢਣ ਵਾਲਾ ਸਾਫ਼-ਸੁਥਰਾ ਹੋਣਾ ਚਾਹੀਦਾ ਹੈ। ਉਸ ਦੇ ਕਪੜੇ ਧੋਤੇ ਹੋਏ ਅਤੇ ਸਾਫ਼ ਹੋਣੇ ਚਾਹੀਦੇ ਹਨ। ਦੁੱਧ ਚੋਣ ਵੇਲੇ ਧਾਰ ਕੱਢਣ ਵਾਲੇ ਨੂੰ ਜਾਂ ਆਲੇ-ਦੁਆਲੇ ਦੇ ਲੋਕਾਂ ਨੂੰ ਖੰਘਣਾ ਜਾਂ ਛਿੱਕਣਾ ਨਹੀਂ ਚਾਹੀਦਾ। ਇਸ ਦੌਰਾਨ ਉਥੇ ਪਾਨ, ਤਮਾਖੂ, ਬੀੜੀ, ਪਾਨ-ਮਸਾਲੇ ਆਦਿ ਦੀ ਵਰਤੋਂ ਵੀ ਨਹੀਂ ਕਰਨੀ ਚਾਹੀਦੀ।

ਇਹ ਸਭ ਸੁਣ ਕੇ ਬਨਵਾਰੀ ਨੇ ਕਿਹਾ, ''ਸੱਚ ਗੰਗਾ, ਅਸੀਂ ਸਾਰੇ ਹੀ ਇਹ ਗਲਤੀਆਂ ਕਰਦੇ ਹਾਂ। ਅੱਗੇ ਤੋਂ ਦੁੱਧ ਚੋਣ ਵੇਲੇ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਾਂਗੇ।''


ਇੰਨੀ ਕਹਾਣੀ ਸੁਣਦੇ-ਸੁਣਾਉਂਦੇ ਬਨਵਾਰੀ ਅਤੇ ਗੰਗਾ ਘਰ ਪਹੁੰਚ ਗਏ। ਗੰਗਾ ਨੂੰ ਘਰ ਮੁੜ ਆਈ ਵੇਖ ਕੇ ਰਾਧਾ ਅਤੇ ਬੱਚੇ ਬਹੁਤ ਖੁਸ਼ ਹੋਏ। ਰਾਧਾ ਨੇ ਹੈਰਾਨੀ ਨਾਲ ਪੁੱਛਿਆ – ''ਮੈਂ ਕਿਹਾ, ਗੰਗਾ ਨੂੰ ਮੋੜ ਲਿਆਏ ਤੁਸੀਂ ?'' ਰਾਤ ਨੂੰ ਖਾ-ਪੀ ਕੇ ਜਦੋਂ ਸਾਰਾ ਟੱਬਰ ਸੌਣ ਲੱਗਿਆ ਤਾਂ ਬਨਵਾਰੀ ਨੇ ਰਾਧਾ ਨੂੰ ਦੁੱਧ ਦੀ ਕਹਾਣੀ ਸੁਣਾਈ, ਜਿਹੜੀ ਗੰਗਾ ਨੇ ਉਸ ਨੂੰ ਸੁਣਾਈ ਸੀ। ਰਾਧਾ ਨੂੰ ਸੁਣਕੇ ਹੈਰਾਨੀ ਵੀ ਹੋਈ ਅਤੇ ਖੁਸ਼ੀ ਵੀ। ਅਗਲੇ ਦਿਨ ਬਨਵਾਰੀ ਅਤੇ ਰਾਧਾ ਜਦੋਂ ਗੰਗਾ ਕੋਲ ਗਏ ਤਾਂ ਰਾਧਾ ਨੇ ਕਿਹਾ, ''ਗੰਗਾ, ਇਨ੍ਹਾਂ ਨੇ ਮੈਨੂੰ ਦੁੱਧ ਦੀ ਕਹਾਣੀ ਸੁਣਾਈ। ਤੂੰ ਚਿੰਤਾ ਨਾ ਕਰ, ਅਸੀਂ ਹੁਣ ਤੇਰਾ ਉਸੇ ਤਰ੍ਹਾਂ ਖਿਆਲ ਰਖਾਂਗੇ, ਜਿਵੇਂ ਤੇਰੀਆਂ ਸਹੇਲੀਆਂ ਨੇ ਕਿਹਾ ਹੈ।''

ਗੰਗਾ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ। ਉਹ ਬੋਲੀ, ''ਭਾਬੀ, ਮੈਂ ਤਾਂ ਸਾਰੀ ਉਮਰ ਤੁਹਾਡੀ ਸਾਰਿਆਂ ਦੀ ਸੇਵਾ ਕਰਨੀ ਚਾਹੁੰਦੀ ਹਾਂ, ਪਰ ਕੁਝ ਹੋਰ ਵੀ ਗੱਲਾਂ ਹਨ, ਜਿਨ੍ਹਾਂ ਦਾ ਧਿਆਨ ਰੱਖਣਾ ਪਵੇਗਾ, ਤਾਂ ਕਿ ਮੈਂ ਅਤੇ ਜਮੁਨਾ ਤੰਦਰੁਸਤ ਰਹੀਏ ਅਤੇ ਸ਼ੁਧ-ਸਾਫ਼, ਪੌਸ਼ਟਿਕ ਅਤੇ ਬਹੁਤਾ ਦੁੱਧ ਦੇਈਏ।''

ਰਾਧਾ ਨੇ ਕਿਹਾ – ''ਗੰਗਾ, ਸਾਨੂੰ ਹੋਰ ਕਿਹੜੀਆਂ – ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?''


ਗੰਗਾ ਨੇ ਦੱਸਿਆ, ''ਘਰੇਲੂ ਮੱਖੀ ਸਾਡੀ ਵੈਰਣ ਹੈ। ਮੱਖੀ ਦੇ ਸਰੀਰ ਉਤੇ ਲੱਖਾਂ ਦੀ ਗਿਣਤੀ ਵਿਚ ਰੋਗਾਣੂ ਚਿੰਬੜੇ ਹੁੰਦੇ ਹਨ। ਇਹ ਕਈ ਬਿਮਾਰੀਆਂ ਪੈਦਾ ਕਰਦੇ ਹਨ ਅਤੇ ਦੁੱਧ ਨੂੰ ਖ਼ਰਾਬ ਕਰਦੇ ਹਨ।''

ਰਾਧਾ ਨੇ ਪੁੱਛਿਆ : ''ਅੱਛਾ ! ਇਸਦਾ ਮਤਲਬ ਇਹ ਹੋਇਆ ਕਿ ਮੱਖੀਆਂ ਤੋਂ ਦੁੱਧ ਨੂੰ ਬਚਾਉਣ ਨਾਲ ਵੀ ਦੁੱਧ ਸਾਫ਼ ਰਹੇਗਾ ?''



ਇਕ ਮੱਖੀ ਦੇ ਸਰੀਰ ਉਤੇ ਤਕਰੀਬਨ ਗਿਆਰਾਂ ਲੱਖ ਰੋਗਾਣੂ ਹੁੰਦੇ ਹਨ

ਗੰਗਾ : ਹਾਂ, ਮੱਖੀਆਂ ਅਤੇ ਗੰਦਗੀ ਦੋਵਾਂ ਤੋਂ ਦੁੱਧ ਨੂੰ ਬਚਾਉਣਾ ਜ਼ਰੂਰੀ ਹੈ। ਜੇ ਗਾਂ ਜਾਂ ਮੱਝ ਦੇ ਪਿੰਡੇ ਉਤੇ ਗੰਦਗੀ ਹੈ ਤਾਂ ਉਸ ਉਤੇ ਕਰੋੜਾਂ ਜੀਵਾਣੂ ਹੋ ਸਕਦੇ ਹਨ।



ਧਾਰ ਕੱਢਣ ਤੋਂ ਪਹਿਲਾਂ ਸਰਦੀਆਂ ਵਿਚ ਪਸ਼ੂਆਂ ਨੂੰ ਨਰਮ ਬੁਰਸ਼ ਨਾਲ ਖਰਖਰਾ ਕਰਕੇ ਸਾਫ਼ ਕਰੋ ਅਤੇ ਗਰਮੀਆਂ ਦੇ ਦਿਨਾਂ ਵਿਚ ਪਾਣੀ ਨਾਲ ਨੁਹਾ ਕੇ

ਇਸ ਲਈ ਧਾਰ ਕੱਢਣ ਤੋਂ ਪਹਿਲਾਂ ਉਨ੍ਹਾਂ ਨੂੰ ਸਾਫ਼ ਕਰਨਾ ਜ਼ਰੂਰੀ ਹੈ। ਗਰਮੀਆਂ ਦੇ ਦਿਨਾਂ ਵਿਚ ਪਸ਼ੂਆਂ ਨੂੰ ਪਾਣੀ ਨਾਲ ਨੁਹਾ ਕੇ ਸਾਫ਼ ਕਰੋ ਅਤੇ ਸਰਦੀਆਂ ਵਿਚ ਨਰਮ ਬੁਰਸ਼ ਨਾਲ ਖਰਖਰਾ ਕਰਕੇ ਸਾਫ਼ ਕਰੋ ਤਾਂ ਜੁ ਉਨ੍ਹਾਂ ਦੇ ਵਾਲਾਂ ਅਤੇ ਪਿੰਡੇ ਤੋਂ ਜੀਵਾਣੂ ਦੂਰ ਹੋ ਜਾਣ।


ਰਾਧਾ : ਅੱਛਾ ! ਮੈਂ ਇਸ ਗੱਲ ਦਾ ਧਿਆਨ ਰਖੂੰਗੀ।

ਗੰਗਾ : ਸਾਫ਼ ਦੁੱਧ ਵਾਸਤੇ ਭਾਂਡਾ ਵੀ ਸਾਫ਼ ਹੋਣਾ ਚਾਹੀਦਾ ਹੈ। ਦੁੱਧ ਵਾਲੇ ਭਾਂਡੇ ਨੂੰ ਸਾਬਣ ਨਾਲ ਧੋ ਲੈਣਾ ਚਾਹੀਦਾ ਹੈ। ਭਾਂਡੇ ਵਿਚ ਮਿੱਟੀ ਨਾ ਰਹੇ, ਇਸ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਭਾਂਡਾ ਧੋਣ ਮਗਰੋਂ ਤੁਰੰਤ ਸੁਕਾਉਣ ਵਾਸਤੇ ਸਾਫ਼-ਸੁਥਰੀ ਥਾਂ ਉੱਤੇ ਪੁੱਠਾ ਕਰਕੇ ਰੱਖਣਾ ਚਾਹੀਦਾ ਹੈ।

ਰਾਧਾ : ਠੀਕ ਹੈ।

ਗੰਗਾ : ਗਾਂ ਅਤੇ ਮੱਝ ਦੇ ਥਣ ਸਾਫ਼ ਪਾਣੀ ਨਾਲ ਧੋ ਕੇ, ਸਾਫ਼ ਧੋਤੇ ਹੋਏ ਕਪੜੇ ਨਾਲ ਸੁਕਾਉਣੇ ਚਾਹੀਦੇ ਹਨ।

ਰਾਧਾ : ਪਰ ਮੈਂ ਤਾਂ ਇਸੇ ਤਰ੍ਹਾਂ ਹੀ ਕਰਦੀ ਹਾਂ।



ਗਾਂ ਅਤੇ ਮੱਝ ਦੇ ਹਰ ਥਣ ਨੂੰ ਸਾਫ਼ ਪਾਣੀ ਨਾਲ ਧੋ ਕੇ ਸਾਫ਼ ਧੋਤੇ ਹੋਏ ਕਪੜੇ ਨਾਲ, ਸੁਕਾਉਣਾ ਚਾਹੀਦਾ ਹੈ

ਗੰਗਾ : ਤੁਸੀਂ ਆਪਣੀ ਸਾੜੀ ਦੇ ਪੱਲੇ ਨਾਲ ਸਾਡੇ ਥਣ ਸਾਫ਼ ਕਰਦੇ ਹੋ, ਜਿਹੜਾ ਗੰਦਾ ਹੋ ਸਕਦਾ ਹੈ। ਜਦੋਂ ਕਿ ਇਸ ਕੰਮ ਲਈ ਸਾਫ਼-ਸੁਥਰਾ ਕਪੜਾ ਵਰਤਣਾ ਜ਼ਰੂਰੀ ਹੈ। ਦੁੱਧ ਚੋਣ ਤੋਂ ਪਹਿਲਾਂ ਹਰ ਥਣ ਵਿਚੋਂ ਇਕ ਦੋ ਧਾਰਾਂ ਦੁੱਧ ਕੱਢ ਕੇ ਡੋਲ੍ਹ ਦੇਣਾ ਚਾਹੀਦਾ ਹੈ। ਇਸ ਨਾਲ ਥਣ ਵਿਚ ਜਮ੍ਹਾ ਹੋਏ ਜੀਵਾਣੂ ਨਿਕਲ ਜਾਂਦੇ ਹਨ।



ਦੁੱਧ ਚੋਣ ਤੋਂ ਪਹਿਲਾਂ ਹਰ ਥਣ ਵਿਚੋਂ ਇਕ ਦੋ ਧਾਰਾਂ ਦੁੱਧ ਕੱਢ ਕੇ ਡੋਲ੍ਹ ਦੇਣਾ ਚਾਹੀਦਾ ਹੈ

ਦੁੱਧ ਚੋਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਨਾਲ ਧੋ ਲੈਣਾ ਚਾਹੀਦਾ ਹੈ।




ਦੁੱਧ ਚੋਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਨਾਲ ਧੋ ਲੈਣਾ ਚਾਹੀਦਾ ਹੈ

ਧਾਰ ਕੱਢਣ ਵਾਲੇ ਨੂੰ ਆਪਣੀਆਂ ਉਂਗਲੀਆਂ ਦੁੱਧ ਵਿਚ ਕਦੇ ਵੀ ਡੁਬੋਣੀਆਂ ਨਹੀਂ ਚਾਹੀਦੀਆਂ ਅਤੇ ਪਸ਼ੂ ਦੇ ਥਣਾਂ 'ਤੇ ਤੇਲ ਨਹੀਂ ਲਗਾਉਣਾ ਚਾਹੀਦਾ।



ਉਂਗਲੀਆਂ ਦੁੱਧ ਵਿਚ ਨਹੀਂ ਡੁਬੋਣੀਆਂ ਚਾਹੀਦੀਆਂ

ਧਾਰ ਕੱਢਣ ਵੇਲੇ ਆਪਣੇ ਸਰੀਰ ਦਾ ਕੋਈ ਅੰਗ ਜਾਂ ਕਪੜਾ ਦੁੱਧ ਜਾਂ ਦੁੱਧ ਵਾਲੇ ਭਾਂਡੇ ਨਾਲ ਨਹੀਂ ਲੱਗਣ ਦੇਣਾ ਚਾਹੀਦਾ।

ਬਨਵਾਰੀ : ਅੱਛਾ !

ਗੰਗਾ : ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਥਣਾਂ ਵਿਚ ਭੋਰਾ ਵੀ ਦੁੱਧ ਬਚਿਆ ਨਾ ਰਹੇ, ਕਿਉਂਕਿ ਉਸ ਨਾਲ ਥਣਾਂ ਵਿਚ ਜੀਵਾਣੂ ਤੇਜ਼ੀ ਨਾਲ ਵਧਦੇ ਹਨ। ਇਸ ਨਾਲ ਪਸ਼ੂ ਨੂੰ ਰੋਗ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ।


ਧਾਰ ਕੱਢਣ ਮਗਰੋਂ ਥਣਾਂ ਨੂੰ ਸਾਫ਼ ਪਾਣੀ ਨਾਲ ਧੋਣਾ ਚਾਹੀਦਾ ਹੈ ਅਤੇ ਜੀਵਾਣੂਨਾਸ਼ਕ (ਆਇਓਡੋਫੋਰ) ਘੋਲ ਵਿਚ ਡੁਬੋਣਾ ਚਾਹੀਦਾ ਹੈ।




ਧਾਰ ਕੱਢਣ ਮਗਰੋਂ ਹਰ ਥਣ ਨੂੰ ਸਾਫ਼ ਪਾਣੀ ਨਾਲ ਧੋਣਾ ਚਾਹੀਦਾ ਹੈ ਅਤੇ ਜੀਵਾਣੂਨਾਸ਼ਕ ਘੋਲ ਵਿਚ ਡੁਬੋਣਾ ਚਾਹੀਦਾ ਹੈ


ਬਨਵਾਰੀ : ਠੀਕ ਐ, ਇਸ ਗੱਲ ਦਾ ਵੀ ਧਿਆਨ ਰੱਖਾਂਗੇ।

ਗੰਗਾ : ਜਿਸ ਭਾਂਡੇ ਵਿਚ ਦੁੱਧ ਚੋਇਆ ਅਤੇ ਸਭਾ ਤਕ ਪਹੁੰਚਾਇਆ ਜਾਵੇ, ਉਹ ਸਟੇਨਲੈੱਸ ਸਟੀਲ ਦਾ ਹੀ ਹੋਣਾ ਚਾਹੀਦਾ ਹੈ। ਉਸ ਦਾ ਢੱਕਣ ਚੰਗੀ ਤਰ੍ਹਾਂ ਬੰਦ ਹੋਣਾ ਚਾਹੀਦਾ ਹੈ, ਤਾਂ ਜੁ ਇਸ ਵਿਚ ਮੱਖੀ, ਗੰਦਗੀ ਆਦਿ ਨਾ ਡਿੱਗ ਪਵੇ। ਦੁੱਧ ਨੂੰ ਸਭਾ ਤਕ ਛੇਤੀ ਹੀ ਪਹੁੰਚਾਇਆ ਜਾਵੇ ਤਾਂ ਦੁੱਧ ਠੀਕ ਰਹੇਗਾ।



ਦੁੱਧ ਵਾਲੇ ਭਾਂਡੇ ਸੁਕਾਉਣ ਵਾਸਤੇ ਉਨ੍ਹਾਂ ਨੂੰ ਧੋਕੇ ਪੁੱਠਾ ਰਖਣਾ ਚਾਹੀਦਾ ਹੈ


ਦੁੱਧ ਦੀ ਇਹ ਕਹਾਣੀ ਸੁਨਣ ਮਗਰੋਂ ਬਨਵਾਰੀ ਅਤੇ ਰਾਧਾ ਨੇ ਗੰਗਾ ਦੇ ਦੱਸੇ ਰਾਹ 'ਤੇ ਚੱਲਣਾ ਸ਼ੁਰੂ ਕਰ ਦਿਤਾ। ਪਹਿਲਾਂ ਤਾਂ ਗੰਗਾ ਦਾ ਡੇਅਰੀ ਦੇ ਸਲੋਤਰੀ ਤੋਂ ਇਲਾਜ ਕਰਾਇਆ। ਸਹੀ ਇਲਾਜ ਹੋਣ ਨਾਲ ਗੰਗਾ ਛੇਤੀ ਹੀ ਤੰਦਰੁਸਤ ਹੋ ਗਈ। ਰਾਧਾ ਨੇ ਗੰਗਾ ਦੀਆਂ ਦੱਸੀਆਂ ਗੱਲਾਂ ਉਤੇ ਪੂਰੀ ਤਰ੍ਹਾਂ ਅਮਲ ਕੀਤਾ। ਗੰਗਾ ਅਤੇ ਜਮੁਨਾ ਦੇ ਬੰਨ੍ਹਣ ਵਾਲੀ ਥਾਂ ਅਤੇ ਆਲੇ-ਦੁਆਲੇ ਦੇ ਮਾਹੌਲ ਦੀ ਰਾਧਾ ਅਤੇ ਬੱਚਿਆਂ ਨੇ ਸਾਫ਼-ਸਫ਼ਾਈ ਕੀਤੀ।



ਗੰਗਾ ਦਾ ਇਲਾਜ ਹੋਇਆ, ਬਨਵਾਰੀ ਦੇ ਘਰ ਵਿਚ ਖੁਸ਼ੀਆਂ ਖੇੜੇ ਫਿਰ ਆ ਗਏ


ਇਸ ਨਾਲ ਗੰਗਾ ਸ਼ੁਧ-ਸਾਫ਼ ਅਤੇ ਬਹੁਤਾ ਦੁੱਧ ਦੇਣ ਲੱਗੀ। ਬਨਵਾਰੀ ਦੇ ਟੱਬਰ ਦੀ ਆਮਦਨੀ ਫਿਰ ਵਧ ਗਈ ਅਤੇ ਉਹ ਪਹਿਲਾਂ ਵਾਂਗ ਹੀ ਖੁਸ਼ਹਾਲ ਹੋ ਗਿਆ। ਹੁਣ ਬਨਵਾਰੀ ਅਤੇ ਰਾਧਾ ਹੋਰ ਲਵੇਰੇ ਪਸ਼ੂ ਘਰ ਲੈ ਕੇ ਆਉਣ ਬਾਰੇ ਸੋਚਣ ਲੱਗੇ।

ਸਾਫ਼-ਸੁਥਰਾ ਅਤੇ ਤੰਦਰੁਸਤ ਪਸ਼ੂ




(1)

ਪਸ਼ੂ ਬੰਨ੍ਹਣ ਵਾਲੀ ਸਾਫ਼-ਸੁਥਰੀ ਥਾਂ




(2)

ਪੀਣ ਵਾਲਾ ਸਾਫ਼ ਪਾਣੀ




(3)

ਸਾਫ਼-ਸੁਥਰੇ ਸਟੇਨਲੈੱਸ ਸਟੀਲ ਦੇ ਭਾਂਡੇ




(4)

ਦੁੱਧ ਚੋਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਨਾਲ ਧੋ ਲੈਣਾ ਚਾਹੀਦਾ ਹੈ




(5)

ਥਣਾਂ ਨੂੰ ਸਾਫ਼ ਪਾਣੀ ਨਾਲ ਧੋ ਕੇ ਸਾਫ਼ ਧੋਤੇ ਹੋਏ ਕਪੜੇ ਨਾਲ ਸੁਕਾਉਣਾ ਚਾਹੀਦਾ ਹੈ




(6)

ਧਾਰ ਕੱਢਣ ਤੋਂ ਪਹਿਲਾਂ ਹਰ ਥਣ ਵਿਚੋਂ ਇਕ-ਦੋ ਧਾਰਾਂ ਦੁੱਧ ਕੱਢ ਕੇ ਸੁੱਟ ਦੇਣਾ ਚਾਹੀਦਾ ਹੈ




(7)

ਸਾਫ਼-ਸੁਥਰੇ ਅਤੇ ਤੰਦਰੁਸਤ ਦੁੱਧ ਚੋਣ ਵਾਲੇ




(8)

ਲਵੇਰੇ ਪਸ਼ੂ ਨੂੰ ਹਰਾ ਚਾਰਾ ਖੁਆਓ



(9)

ਧਾਰ ਕੱਢਣ ਮਗਰੋਂ ਥਣਾਂ ਨੂੰ ਸਾਫ਼ ਪਾਣੀ ਨਾਲ ਧੋਣਾ ਚਾਹੀਦਾ ਹੈ ਅਤੇ ਜੀਵਾਣੂਨਾਸ਼ਕ ਘੋਲ ਵਿਚ ਡੁਬੋਣਾ ਚਾਹੀਦਾ ਹੈ





(10)

ਸਭਾ ਤਕ ਦੁੱਧ ਢਕ ਕੇ ਛੇਤੀ ਪਹੁੰਚਾਉਣਾ ਚਾਹੀਦਾ ਹੈ




(11)

ਦੁੱਧ ਨੂੰ ਛੇਤੀ ਠੰਡਾ ਕਰਨ ਦੀ ਮਸ਼ੀਨ



(12)



ਕਦੇ ਸੁਣਿਆ ਹੈ ਸੰਗੀਤ ਦੀ
ਲੈਅ ਸੁਣ ਕੇ ਗਾਂ ਬਹੁਤਾ ਦੁੱਧ ਦਿੰਦੀ ਹੈ।

ਗ੍ਰੰਥਾਂ ਵਿਚ ਸੰਗੀਤ ਨੂੰ ਈਸ਼ਵਰ ਮੰਨਿਆ ਗਿਆ ਹੈ।
ਅਤੇ ਆਯੁਰਵੇਦ ਨੇ ਇਸ ਸੋਚ ਉਤੇ ਜ਼ੋਰ ਦਿੱਤਾ ਹੈ
ਕਿ ਵੱਡੇ ਤੋਂ ਵੱਡਾ ਰੋਗ ਸੰਗੀਤ ਨਾਲ ਠੀਕ ਹੋ ਸਕਦਾ ਹੈ।
ਖੋਜ-ਪੜਤਾਲ ਤੋਂ ਪਤਾ ਲੱਗਿਆ ਹੈ ਕਿ ਪਸ਼ੂ ਵੀ
ਸੰਗੀਤ ਦਾ ਆਨੰਦ ਮਾਣਦੇ ਹਨ। ਸੰਗੀਤ ਸੁਣਾਉਣ
ਨਾਲ ਗਾਵਾਂ/ਮੱਝਾਂ ਆਰਾਮ ਮਹਿਸੂਸ ਕਰਦੀਆਂ ਹਨ।
ਧਾਰ ਕੱਢਣ ਵੇਲੇ ਮਿੱਠਾ-ਮਿੱਠਾ ਸੰਗੀਤ ਵਜਾਓ
ਅਤੇ ਸਿੱਟਾ ਆਪ ਹੀ ਵੇਖ ਲਓ।

'Punjabi' version of the original 'Hindi' book "Doodh Ki Kahani, Gai Ki Zabani"
published by NDDB, Anand.